# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734


ਨੰ:ਪੀ.ਐਸ.ਬੀ./ਆਈ.ਟੀ.ਆਈ/2020/ 1307 ਅਤਿ ਜ਼ਰੂਰੀ ਮਿਤੀ: 24/12/2020

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ, ਆਰਟ ਐਂਡ ਕਰਾਫਟ ਅਤੇ
ਟੀਚਰ ਟ੍ਰੇਨਿੰਗ ਸੰਸਥਾਵਾਂ, ਪੰਜਾਬ ਰਾਜ ਅਧੀਨ।

ਵਿਸ਼ਾ : ਪ੍ਰੀਖਿਆ ਜਨਵਰੀ-2021 ਦੌਰਾਨ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਟਰੇਡਾਂ ਵਿੱਚ ਅਪੀਅਰ ਹੋ ਰਹੇ ਰੈਗੂਲਰ/ਰੀਅਪੀਅਰ ਸਿਖਿਆਰਥੀਆਂ ਦੇ ਪ੍ਰੀਖਿਆ ਸੈਂਟਰ ਅਲਾਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਸਕੀਮ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਪ੍ਰੀਖਿਆ ਜਨਵਰੀ-2021 ਵਿੱਚ ਲਈ ਜਾਣ ਲਈ 47 ਪ੍ਰੀਖਿਆ ਕੇਂਦਰ ਬਣਾਏ ਗਏ ਹਨ। ਇਹ ਸੈਂਟਰ ਲਿਸਟ ਬੋਰਡ ਵੈਬਸਾਈਟ ਤੇ ਅਪਲੋਡ ਕਰਦੇਆਂ ਸਮੂਹ ਸੰਸਥਾਵਾਂ ਨੂੰ ਹੇਠ ਦਰਸਾਏ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ: -

1. ਜਿਨ੍ਹਾਂ ਵੀ ਸੰਸਥਾਵਾਂ ਦੇ ਸਿਖਿਆਰਥੀ ਐਸ.ਸੀ.ਵੀ.ਟੀ. ਪ੍ਰੀਖਿਆ ਵਿਚ ਜਨਵਰੀ-2021 ਵਿਚ ਅਪੀਅਰ ਹੋਣ ਜਾ ਰਹੇ ਹਨ ਉਹਨਾਂ ਦੁਆਰਾ ਚੈਕ ਕਰ ਲਿਆ ਜਾਵੇ ਕਿ ਉਹਨਾਂ ਦੀ ਸੰਸਥਾ ਦਾ ਨਾਂ ਸੈਂਟਰ ਲਿਸਟ ਵਿਚ ਹੋਵੇ। ਤਾਂ ਜੋ ਕਿਸੇ ਸੰਸਥਾ ਦਾ ਨਾਂਮ ਨਾ ਹੋਣ ਦੀ ਸੂਰਤ ਵਿਚ ਸੰਸਥਾ ਵਲੋਂ ਸੂਚਿਤ ਕੀਤੇ ਜਾਣ ਉਪਰੰਤ ਬੋਰਡ ਦਫਤਰ ਵਲੋਂ ਤਰੁੰਤ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

2. ਸਮੂਹ ਪ੍ਰੀਖਿਆ ਕੇਂਦਰ ਪ੍ਰੀਖਿਆ ਵਿਚ ਅਪੀਅਰ ਹੋਣ ਵਾਲੇ ਸਿਖਿਆਰਥੀ ਦੀ ਅੰਦਾਜਨ ਗਿਣਤੀ ਨੂੰ ਧਿਆਨ ਵਿਚ ਰੱਖਦੇ ਹੋਏ ਸੁੱਚਜੇ ਢੰਗ ਨਾਲ ਅਤੇ ਨਿਰਵਿਘਨ ਪ੍ਰੀਖਿਆ ਕੰਡਕਟ ਕਰਾਉਣ ਲਈ ਲੋੜੀਂਦੀ ਸਟਾਫ/ ਫਰਨੀਚਰ/ infrastructure/ machinery- ਆਦਿ ਦਾ ਪੁਖਤਾ ਇੰਤਜਾਮ ਆਪਣੇ ਪੱਧਰ ਤੇ ਕਰਨਾ ਯਕੀਨੀ ਬਣਾਉਣਗੇ।

3. ਸਮੂਹ ਸੰਸਥਾਵਾਂ ਦੇ ਮੁੱਖੀ ਟ੍ਰਾਸਪੋਰਟ ਦਾ ਇੰਤਜਾਮ ਕਰਕੇ ਆਪਣੀ ਸੰਸਥਾ ਦੇ ਸਿਖਿਆਰਥੀਆਂ ਨੂੰ ਪ੍ਰੀਖਿਆ ਕੇਂਦਰ ਵਿਚ ਸਮੇਂ ਸਿਰ ਪਹੁਚਾਉਣਾ ਯਕੀਨੀ ਬਣਾਉਣਗੇ।

4. ਇਸ ਤੋਂ ਇਲਾਵਾ ਜਿਨ੍ਹਾਂ ਸੰਸਥਾਵਾਂ ਦੇ ਪ੍ਰੀਖਿਆ ਸੈਂਟਰ ਦੂਜੀਆਂ ਸੰਸਥਾਵਾਂ ਵਿਚ ਬਣਾਏ ਗਏ ਹਨ, ਉਹ ਸੰਸਥਾਵਾਂ ਉਪਰੋਕਤ ਦਰਸਾਏ ਕੋਰਸਾਂ ਵਿਚ ਅਪੀਅਰ ਹੋਣ ਵਾਲੇ ਰੈਗੂਲਰ ਅਤੇ ਰੀਅਪੀਅਰ ਸਿਖਿਆਰਥੀਆਂ ਦੀ ਗਿਣਤੀ ਬਾਰੇ ਪ੍ਰੀਖਿਆ ਕੇਂਦਰਾਂ ਨੂੰ ਸੂਚਿਤ ਕਰਨਾ ਯਕੀਨੀ ਬਣਾਉਣਗੇ।

5. ਟੀਚਰ ਟਰੇਨਿੰਗ, ਆਰਟ ਐਂਡ ਕਰਾਫਟ ਅਤੇ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ ਦੇ ਪ੍ਰੈਕਟੀਕਲ ਪ੍ਰੀਖਿਆ ਲਈ ਪ੍ਰੀਖਿਆ ਸੈਂਟਰ ਸੰਸਥਾਵਾਂ ਦੇ ਉਹਨਾਂ ਦੀ ਆਪਣੀ ਸੰਸਥਾ ਵਿਖੇ ਬਣਾਏ ਗਏ ਹਨ। ਸਰਕਾਰੀ ਸੰਸਥਾ ਨੂੰ ਪ੍ਰੈਕਟੀਕਲ ਪ੍ਰੀਖਿਆ ਦੌਰਾਨ ਆਪਣੇ ਅਧੀਨ ਬਣਾਏ ਗਏ ਪ੍ਰੈਕਟੀਕਲ ਪ੍ਰੀਖਿਆ ਸੈਂਟਰਾਂ ਵਿੱਚ ਇਕ ਯੋਗ ਅਤੇ ਤਜਰਬੇਕਾਰ ਸਟਾਫ ਦੀ ਡਿਉਟੀ ਬਤੌਰ ਸੁਪਰਡੈਂਟ ਆਪਣੇ ਪੱਧਰ ਤੇ ਲਗਾਉਣੀ ਯਕੀਨੀ ਬਣਾਉਣਗੇ

ਉਪਰੋਕਤ ਸਬੰਧੀ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨੂੰ ਬੋਰਡ ਦਫਤਰ ਦੇ ਧਿਆਨ ਵਿਚ ਤਰੁੰਤ ਲਿਆਇਆ ਜਾਵੇ।

24/12/20
ਕੰਟਰੋਲਰ ਪ੍ਰੀਖਿਆਵਾ ਆਈ.ਟੀ.ਆਈ.
ਵਾ: ਸਕੱਤਰ

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ ਰਿਕਾਰਡ ਹਿਤ ਭੇਜਿਆ ਜਾਂਦਾ ਹੈ: -

1. ਪੀ.ਏ. ਟੂ ਸਕੱਤਰ
2. ਸਿਸਟਮ ਐਡਮਿਨਸਟ੍ਰੇਟਰ

ਕੰਟਰੋਲਰ ਪ੍ਰੀਖਿਆਵਾ ਆਈ.ਟੀ.ਆਈ.
ਵਾ: ਸਕੱਤਰ